Taxi & Limousine
Commission

## WORKERS' COMPENSATION COMPLIANCE REQUIREMENTS
## ਕਰਮਚਾਰੀਆਂ ਦੇ ਮਆਵਜ਼ੇ ਦੀ ਭਰਪਾਈ ਸੰਬੰਧੀ ਜ਼ਰੂਰਤਾਂ

### ਕਰਮਚਾਰੀ ਮਆਵਜ਼ਾ ਵਿਕਲਪ ਚਣਨਾ

ਜੇਕਰ ਤੁਸੀਂ ਕਰਮਚਾਰੀਆਂ ਦੇ ਮੁਆਵਜ਼ੇ ਦੇ ਲਾਭ ਇਕੱਤਰ ਕਰ ਰਹੇ ਹੋ, ਤਾਂ ਤੁਹਾਨੂੰ ਹੇਠਾਂ ਦਿੱਤੇ ਦਸਤਾਵੇਜ਼ਾਂ ਨੂੰ tlccompliance@tlc.nyc.gov 'ਤੇ ComplianceUnit / ਟੀ.ਐਲ.ਸੀ. (TLC) ਪਾਲਣਾ ਯੂਨਿਟ ਨੂੰ ਈਮੇਲ ਕਰਨੀ ਪਵੇਗੀ ਤੁਹਾਨੂੰ ਇਸ ਪਤੇ 'ਤੇ ਮੇਲ ਰਾਹੀਂ ਆਪਣਾ ਟੀ.ਐਲ.ਸੀ. (TLC) ਲਾਇਸੰਸ **ਸੌਂਪਣ** ਦੀ ਵੀ ਜ਼ਰੂਰਤ ਹੋਵੇਗੀ: 31-00 47th Avenue 3rd Floor, Long Island City, NY11101, Compliance Unit ਵੱਲ ਧਿਆਨ ਦਿਓ।

1. ਦਸਤਾਵੇਜ਼ ਇਹ ਸਬੂਤ ਦਿਖਾਉਂਦੇ ਹੋਣ ਕਿ ਤੁਸੀਂ ਕਰਮਚਾਰੀਆਂ ਦੇ ਮੁਆਵਜ਼ੇ ਸੰਬੰਧੀ ਲਾਭਾਂ ਲਈ ਸ਼ਿਕਾਇਤ ਦਾਇਰ ਕੀਤੀ ਹੈ।
2. ਇੱਕ ਲਾਇਸੰਸਸ਼ੁਦਾ ਡਾਕਟਰ ਦਾ ਇੱਕ ਅਸਲ ਪੱਤਰ, ਜਿਸ ਵਿੱਚ ਇਹ ਲਿਖਿਆ ਗਿਆ ਹੋਵੇ ਕਿ ਤੁਸੀਂ ਸਰੀਰਕ ਤੌਰ 'ਤੇ ਕੰਮ ਕਰਨ ਦੇ ਯੋਗ ਨਹੀਂ ਹੋ। ਇਸ ਪੱਤਰ 'ਤੇ ਦਸਤਖਤ ਕੀਤੇ ਹੋਏ ਹੋਣੇ ਚਾਹੀਦੇ ਹਨ ਅਤੇ ਡਾਕਟਰ ਦੁਆਰਾ ਮੋਹਰ ਲਗਾਈ ਜਾਣੀ ਚਾਹੀਦੀ ਹੈ, ਅਤੇ ਇਹ ਛੇ (6) ਮਹੀਨਿਆਂ ਤੋਂ ਵੱਧ ਪੁਰਾਣਾ ਨਹੀਂ ਹੋਣਾ ਚਾਹੀਦਾ।

### ਕਰਮਚਾਰੀਆਂ ਦਾ ਮਆਵਜ਼ਾ ਦੇਣ ਵੇਲੇ ਤਸੀਂ ਕਿਹੜੀ ਚੀਜ਼ ਲਈ ਜ਼ਿੰਮੇਵਾਰ ਹੋ

ਜਦੋਂ ਤੁਸੀਂ ਕੰਮ ਕਰਨ ਲਈ ਅਯੋਗ ਹੁੰਦੇ ਹੋ, ਤੁਹਾਨੂੰ ਹਾਲੇ ਵੀ ਸਾਰੀਆਂ ਲਾਗੂ ਟੀ.ਐੱਲ.ਸੀ. (TLC) ਲਾਇਸੰਸ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੀ ਲੋੜ ਹੁੰਦੀ ਹੈ। ਆਪਣੀ ਲਾਇਸੰਸ ਦੀ ਜਾਣਕਾਰੀ ਤੱਕ ਪਹੁੰਚਣ ਦੇ ਤੇਜ਼ ਅਤੇ ਆਸਾਨ ਢੰਗ ਲਈ www.nyc.gov/tlcup'ਤੇ ਜਾਓ।

ਜੇਕਰ ਤੁਹਾਡੇ ਟੀ.ਐੱਲ.ਸੀ. (TLC) ਡਰਾਈਵਰ ਲਾਇਸੰਸ ਦਾ ਨਵੀਨੀਕਰਨ ਲਈ ਸਮਾਂ-ਤਹਿ ਕੀਤਾ ਗਿਆ ਹੈ, ਤਾਂ ਨਵੀਨੀਕਰਨ ਜਰੂਰਤਾਂ ਅਤੇ ਨਵੀਨੀਕਰਨ ਸੰਬੰਧੀ ਵਾਧੂ ਜਾਣਕਾਰੀ ਲਈ ਟੀ.ਐੱਲ.ਸੀ. (TLC) ਦੀ ਵੈੱਬਸਾਈਟ 'ਤੇ ਵਿਜ਼ਿਟ ਕਰੋ https://www1.nyc.gov/site/tlc/drivers/renew-a-tlc-drivers-license.page.

ਨੋਟ: ਜੇਕਰ ਤੁਸੀਂ ਆਪਣੀ ਮਿਆਦ ਸਮਾਪਤ ਦੀ ਮਿਤੀ ਤੋਂ 180 ਦਿਨਾਂ ਦੇ ਅੰਦਰ-ਅੰਦਰ ਆਪਣੀਆਂ ਨਵੀਨੀਕਰਨ ਸੰਬੰਧੀ ਜਰੂਰਤਾਂ ਨੂੰ ਪੂਰਾ ਕਰਦੇ ਹੋ, ਤਾਂ ਤੁਹਾਨੂੰ $25.00 ਦੀ ਲੇਟ ਫੀਸ ਦਾ ਬਿੱਲ ਦਿੱਤਾ ਜਾਵੇਗਾ।

### ਕਰਮਚਾਰੀ ਮਆਵਜ਼ਾ ਚਣਨਾ ਅਤੇ ਕੰਮ 'ਤੇ ਵਾਪਸ ਜਾਣ ਦਾ ਕਰੀਕਾ

ਜਦੋਂ ਤੁਸੀਂ ਕੰਮ ਕਰਨ ਲਈ ਅਯੋਗ ਸੀ, ਤਾਂ ਤੁਹਾਡਾ ਟੀ.ਐੱਲ.ਸੀ. (TLC) ਲਾਇਸੰਸ ਮੁਅੱਤਲ ਕਰ ਦਿੱਤਾ ਗਿਆ ਸੀ। ਮੁਅੱਤਲੀ ਨੂੰ ਹਟਾਉਣ ਅਤੇ ਕੰਮ 'ਤੇ ਵਾਪਸ ਜਾਣ ਲਈ, ਤੁਹਾਨੂੰ ਲਾਜ਼ਮੀ ਤੌਰ 'ਤੇ ਇਹ ਯਕੀਨੀ ਬਣਾਉਣਾ ਪਵੇਗਾ ਕਿ ਤੁਸੀਂ ਸਾਰੀਆਂ ਟੀ.ਐੱਲ.ਸੀ. (TLC) ਜ਼ਰੂਰਤਾਂ ਪੂਰੀਆਂ ਕਰਦੇ ਹੋ, ਅਤੇ ਤੁਸੀਂ ਇਸ ਗੱਲ ਦਾ ਸਬੂਤ ਜਮ੍ਹਾਂ ਕਰਦੇ ਹੋ ਕਿ ਤੁਸੀਂ ਸਰੀਰਕ ਤੌਰ 'ਤੇ ਕੰਮ 'ਤੇ ਵਾਪਸ ਜਾਣ ਦੇ ਯੋਗ ਹੋ। ਤੁਹਾਨੂੰ ਇਸ ਵੈੱਬਸਾਈਟ 'ਤੇ TLC Compliance Unit / ਟੀ.ਐੱਲ.ਸੀ. ਪਾਲਣਾ ਯੂਨਿਟ ਨੂੰ ਈਮੇਲ ਭੇਜਣੀ ਚਾਹੀਦੀ ਹੈ tlccompliance@tlc.nyc.gov:

1. ਇੱਕ ਲਾਇਸੰਸਸ਼ੁਦਾ ਡਾਕਟਰ ਦਾ ਇੱਕ ਅਸਲ ਪੱਤਰ, ਜਿਸ ਵਿੱਚ ਇਹ ਲਿਖਿਆ ਗਿਆ ਹੋਵੇ ਕਿ ਤੁਸੀਂ ਬਿਨਾਂ ਕਿਸੇ ਪਾਬੰਦੀ ਦੇ ਸਰੀਰਕ ਤੌਰ 'ਤੇ ਕੰਮ 'ਤੇ ਵਾਪਸ ਆਉਣ ਦੇ ਯੋਗ ਹੋ। ਇਸ ਪੱਤਰ 'ਤੇ ਦਸਤਖਤ ਕੀਤੇ ਹੋਏ ਹੋਣੇ ਚਾਹੀਦੇ ਹਨ ਅਤੇ ਡਾਕਟਰ ਦੁਆਰਾ ਮੋਹਰ ਲਗਾਈ ਜਾਣੀ ਚਾਹੀਦੀ ਹੈ, ਅਤੇ ਇਹ ਛੇ ਮਹੀਨਿਆਂ ਤੋਂ ਵੱਧ ਪੁਰਾਣਾ ਨਹੀਂ ਹੋਣਾ ਚਾਹੀਦਾ।
2. ਤੁਹਾਡੀ ਬੀਮਾ ਕੰਪਨੀ ਦਾ ਦਸਤਾਵੇਜ਼ ਇਹ ਦਰਸਾਉਂਦਾ ਹੋਵੇ ਕਿ ਕਰਮਚਾਰੀਆਂ ਦੇ ਮੁਆਵਜ਼ੇ ਸੰਬੰਧੀ ਲਾਭ ਖ਼ਤਮ ਹੋ ਗਏ ਹਨ। ਜੇਕਰ ਤੁਸੀਂ ਇਸ ਪੱਤਰ ਨੂੰ ਪ੍ਰਾਪਤ ਕਰਨ ਦੇ ਤਰੀਕੇ ਬਾਰੇ ਜਾਣਕਾਰੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਇਸ ਕਰਮਚਾਰੀਆਂ ਦਾ ਮੁਆਵਜ਼ਾ ਦੀ ਵੈੱਬਸਾਈਟ 'ਤੇ ਵਿਜ਼ਿਟ ਕਰੋ: http:www.wcb.ny.gov।

   **ਨੋਟ:** ਸਿਰਫ਼ ਤੁਹਾਡੀ ਬੀਮਾ ਕੰਪਨੀ ਜਾਂ Workers' Compensation Bureau / ਕਰਮਚਾਰੀਆਂ ਦੇ ਮੁਆਵਜ਼ੇ ਦੇ ਬਿਊਰੋ ਦੇ ਪੱਤਰ ਸਵੀਕਾਰ ਕੀਤੇ ਜਾਣਗੇ।
3. ਇਸ ਵੈੱਬਸਾਈਟ https://www1.nyc.gov/assets/tlc/downloads/pdf/req_driver_replace_credentials.pdf 'ਤੇ ਸਥਿੱਤ ਨਵੇਂ ਪ੍ਰਮਾਣ-ਪੱਤਰਾਂ ਨੂੰ ਪ੍ਰਾਪਤ ਕਰਨ ਲਈ ਇੱਕ ਸੰਪੂਰਨ ਅਤੇ ਦਸਤਖ਼ਥ ਕੀਤੇ ਪ੍ਰਮਾਣ-ਪੱਤਰ ਦੇ ਤਬਾਦਲੇ ਸੰਬੰਧੀ ਫਾਰਮ (PDF) ਨੂੰ ਜਮ੍ਹਾਂ ਕਰੋ। ਪ੍ਰਮਾਣ-ਪੱਤਰਾਂ ਨੂੰ ਤਬਦੀਲ ਕਰਨ ਲਈ ਪੱਚੀ-ਡਾਲਰ ($25.00) ਦੀ ਫੀਸ ਹੈ। ਤੁਸੀਂ ਟੀ.ਐੱਲ.ਸੀ. (TLC) ਲੌਂਗ ਆਇਲੈਂਡ ਸਿਟੀ ਸਹੂਲਤ 'ਤੇ ਵਿਜ਼ਿਟ ਕਰਨ ਲਈ ਟੀ.ਐੱਲ.ਸੀ. (TLC) ਵੈੱਬਸਾਈਟ , https://www1.nyc.gov/site/tlc/tlc-online/licensing-standards-appointment-scheduling.page, ਰਾਹੀਂ ਇੱਕ ਮੁਲਾਕਾਤ ਨਿਰਧਾਰਤ ਕਰ ਸਕਦੇ ਹੋ।